# ਬੱਚਿਆਂ ਲਈ ਬਾਈਬਲ

## ਉਪੱਸਥਿਤ



# ਦਾਊਦ ਬਾਦਸ਼ਾਹ
# (ਹਿੱਸਾ 2)


ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Ruth Klassen


ਕਹਾਣੀ 21 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ:ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਦਾਊਦ ਦੱਖਣੀ ਇਸਰਾਏਲ ਵਿੱਚ ਯਹੂਦਾ ਦਾ ਬਾਦਸ਼ਾਹ ਸੀ। ਪਰ ਬਾਕੀ ਇਸਰਾਏਲ ਦਾ ਹਿੱਸਾ ਸ਼ਾਊਲ ਦੇ ਪੁੱਤਰ ਇਸ਼ਬੋਸ਼ੇਤ ਨੇ ਬਾਦਸ਼ਾਹ ਬਣ ਕੇ ਲੈ ਲਿਆ। ਘਰੇਲੂ ਲੜਾਈ ਸੱਤ ਸਾਲਾਂ ਤੱਕ ਚੱਲੀ। ਪਰ ਦਾਊਦ ਮਜ਼ਬੂਤ ਅਤੇ ਮਜ਼ਬੂਤ ਹੁੰਦਾ ਗਿਆ।



1

ਆਖਰ ਕਾਰ ਬਾਦਸ਼ਾਹ ਇਸ਼ਬੋਸ਼ੇਤ ਆਪਣੇ ਹੀ ਦੋ ਸਿਪਾਹੀਆਂ ਦੁਆਰਾ ਮਾਰਿਆ ਗਿਆ।



2

ਤਦ ਇਸਰਾਏਲ ਦੀਆਂ ਸਾਰੀਆਂ ਜਾਤੀਆਂ ਦਾਊਦ ਦੇ ਕੋਲ ਆਈਆਂ ਅਤੇ ਉਸਦਾ ਇਸਰਾਏਲ ਉੱਤੇ ਬਾਦਸ਼ਾਹ ਹੋਣ ਲਈ ਅਭਿਸ਼ੇਕ ਕੀਤਾ। ਆਖਰ ਕਾਰ ਦਾਊਦ ਸਾਰੀਆਂ ਜਾਤੀਆਂ ਉੱਪਰ ਬਾਦਸ਼ਾਹ ਸੀ।



3

ਪਹਿਲਾ ਕੰਮ ਦਾਊਦ ਬਾਦਸ਼ਾਹ ਨੇ ਯਰੂਸ਼ਲਮ ਉੱਤੇ ਕਬਜਾ ਕੀਤਾ। ਉਹ ਦਾਊਦ ਦੇ ਸ਼ਹਿਰ ਦੇ ਨਾ ਵਜੋਂ ਜਾਣਿਆ ਗਿਆ। ਉਸਨੇ ਦੁਸ਼ਮਣਾ ਦੇ ਵਿਰੁੱਧ ਉਸਨੂੰ ਦੁਬਾਰਾ ਮਜਬੂਤੀ ਨਾਲ ਤੈਆਰ ਕੀਤਾ। ਦਾਊਦ ਦੀ ਸੈਨਾ ਯਰੂਸ਼ਲਮ ਤੋਂ ਹੀ ਫ਼ਲਿਸਤੀਆਂ ਅਤੇ ਇਸਰਾਏਲ ਦੇ ਬਾਕੀ ਦੁਸ਼ਮਣਾ ਨੂੰ ਜਿੱਤਣ ਲਈ ਗਈ।



4

ਅੱਗੇ, ਬਾਦਸ਼ਾਹ ਦਾਊਦ ਪਰਮੇਸ਼ਵਰ ਦੇ ਸੰਦੂਕ ਨੂੰ ਯਰੂਸ਼ਲਮ ਲੈ ਆਇਆ। ਪਰਮੇਸ਼ਵਰ ਦੇ ਸੰਦੂਕ ਵਿੱਚ ਦਸ ਆਗਿਆਵਾਂ ਦੀਆਂ ਤਖਤੀਆਂ ਅਤੇ ਪਰਮੇਸ਼ਵਰ ਦੁਆਰਾ ਮੂਸਾ ਨੂੰ ਦਿੱਤੀ ਗਈ ਵਿਵਸਥਾ ਸੀ। ਵਾਚਾ ਦੇ ਸੰਦੂਕ ਨੇ ਇਸਰਾਏਲੀਆਂ ਨੂੰ ਪਰਮੇਸ਼ਵਰ ਦੀ ਪਵਿੱਤਰਤਾ ਅਤੇ ਪਰਮੇਸ਼ਵਰ ਦੀ ਆਗਿਆ ਮੰਨਣਾ ਜਰੂਰਤ ਹੈ ਯਾਦ ਕਰਵਾਇਆ।



5

ਦਾਊਦ ਨੇ ਆਪਣੇ ਰਾਜ ਦੇ ਪਹਿਲੇ ਸਾਲਾਂ ਵਿੱਚ ਬਹੁਤ ਲੜਾਈਆਂ ਲੜੀਆਂ। ਉਹ ਇੱਕ ਬੁੱਧੀਮਾਨ ਸਿਪਾਹੀ ਅਤੇ ਇੱਕ ਦੀਨ ਮਨੁੱਖ ਜਿਸ ਨੇ ਪਰਮੇਸ਼ਵਰ ਦੀ ਅਗਵਾਈ ਲਈ ਪ੍ਰਾਥਨਾ ਕੀਤੀ।



6

ਦਾਊਦ ਨੂੰ ਹੈਰਾਨੀ ਹੋਈ ਕੀ ਉਹ ਦੇ ਕੋਲ ਰਹਿਣ ਲਈ ਚੰਗਾ ਘਰ ਹੈ ਜਦਕਿ ਪਰਮੇਸ਼ਵਰ ਦਾ ਸੰਦੂਕ ਟੈਂਟ ਵਿੱਚ ਪਿਆ ਹੈ। ਦਾਊਦ ਨੇ ਹੈਕਲ ਬਣਾਉਣ ਦਾ ਫ਼ੈਸਲਾ ਕੀਤਾ। ਨਾਥਾਨ, ਪਰਮੇਸ਼ਵਰ ਦੇ ਨਬੀ ਨੇ ਉਸ ਨੂੰ ਅੱਗੇ ਵਧਣ ਲਈ ਕਿਹਾ।



7



ਉਸ ਰਾਤ, ਪਰਮੇਸ਼ਵਰ ਨੇ ਦਾਊਦ ਨੂੰ ਸੰਦੇਸ਼ ਘੱਲਿਆ: “ਮੇਰੇ ਦਾਸ ਦਾਊਦ, ਪਰਮੇਸ਼ਵਰ ਤੇਰੇ ਲਈ ਇੱਕ ਘਰ ਬਣਾਵੇਗਾ।

8


ਜਦ ਤੇਰੇ ਦਿਨ ਪੂਰੇ ਹੋ
ਜਾਣਗੇ ਅਤੇ ਤੂੰ ਆਪਣੇ ਪਿਤਾ ਦੇ
ਨਾਲ ਆਰਾਮ ਕਰੇਗਾਂ, ਮੈਂ ਤੇਰੇ ਬਾਅਦ ਤੇਰੇ ਪੁੱਤਰ ਨੂੰ ਬਾਦਸ਼ਾਹ
ਬਣਾਵਾਂਗਾ। ਉਹ ਮੇਰੇ ਨਾ ਤੇ ਘਰ ਬਣਾਵੇਗਾ ਅਤੇ ਮੈਂ
ਉਸਦੀ ਪਾਤਸ਼ਾਹੀ ਹਮੇਸ਼ਾਂ ਲਈ ਸਥਿਰ ਕਰਾਂਗਾ।”
9
ਦਾਊਦ ਸ਼ਾਊਲ ਦੇ ਪਰਿਵਾਰ ਦੇ ਬਚੇ ਹੋਏ ਕਿਸੇ ਵੀ
ਮੈਂਬਰ ਦੀ ਸਹਾਇਤਾ ਕਰਨੀ ਚਾਹੁੰਦਾ ਸੀ। ਉਸ ਨੂੰ
ਸਿਰਫ਼ ਜੋਨਾਥਨ ਦਾ ਬੇਟਾ ਮਪੀਬੋਸ਼ੇਤ
ਮਿਲਿਆ, ਜਿਹੜਾ
ਅਪਾਹਜ ਸੀ।
10
“ਉਹ ਮੇਰੇ ਟੇਬਲ ਉੱਤੇ ਖਾਵੇਗਾ ਜਿਵੇ ਬਾਦਸ਼ਾਹ ਦੇ
ਪੁੱਤਰਾਂ ਵਿੱਚੋਂ ਇੱਕ ਹੋਵੇ,” ਦਾਊਦ ਨੇ ਕਿਹਾ।
ਦਾਊਦ ਨੇ ਮਪੀਬੋਸ਼ੇਤ ਤੇ ਦਯਾ
ਵਿਖਾਈ ਕਿਉਂਕਿ ਜੋਨਾਥਨ
ਉਸਦਾ ਉੱਤਮ
ਦੋਸਤ ਸੀ।
11
ਜਦ ਤੱਕ ਦਾਊਦ ਨੇ
ਪਰਮੇਸ਼ਵਰ ਤੇ ਭਰੋਸਾ
ਰੱਖਿਆ ਅਤੇ ਆਗਿਆ
ਦਾ ਪਾਲਣ ਕੀਤਾ,
ਪਰਮੇਸ਼ਵਰ ਨੇ ਦਾਊਦ
ਦੀ ਵਧਣ ਫੁੱਲਣ ਵਿੱਚ
ਸਹਾਇਤਾ ਕੀਤੀ।
12
ਪਰ ਇੱਕ ਦਿਨ, ਇੱਕ
ਭਿਆਨਕ ਪਰਸ਼ਾਵਾਂ
ਦਾਊਦ ਦੀ ਜਿੰਦਗੀ ਉੱਤੇ
ਡਿੱਗਿਆ। ਉਸ ਨੇ
ਆਪਣੀ ਸੈਨਾ ਬਾਹਰ
ਲੜਾਈ ਲਈ ਘੱਲੀ,
ਜਦਕਿ ਉਹ ਯਰੂਸ਼ਲਮ
ਵਿੱਚ ਰੁਕ ਗਿਆ।
13
ਇੱਕ ਰਾਤ, ਉਹ ਸੌਂ
ਨਹੀ ਪਾਇਆ। ਤਾਂ
ਉਹ ਆਪਣੀ ਛੱਤ ਤੇ
ਘੁੰਮਇਆ ਅਤੇ ਬਾਹਰ
ਸ਼ਹਿਰ ਨੂੰ ਵੇਖਿਆ।
14


ਦਾਊਦ ਨੇ ਇੱਕ ਸੁੰਦਰ ਔਰਤ ਨੂੰ ਨਹਾਉਂਦੇ ਵੇਖਿਆ। ਉਸ ਦਾ ਨਾ ਬੇਤਸ਼ਿਬਾ ਸੀ। ਦਾਊਦ ਨੇ ਬੇਤਸ਼ਿਬਾ ਨਾਲ ਪਾਪ ਕੀਤਾ ਭਾਂਵੇ ਉਸਦਾ ਪਤੀ, ਉਰੀਯਾਹ, ਦਾਊਦ ਦੇ ਬਹਾਦਰ ਸੈਨਿਕਾਂ ਵਿੱਚੋਂ ਇੱਕ ਸੀ।
15


ਜਦ ਬਾਅਦ ਵਿੱਚ ਬੇਤਸ਼ਿਬਾ ਨੇ ਦਾਊਦ ਨੂੰ ਦੱਸਿਆ ਕੀ ਉਹ ਉਸਦੇ ਬੱਚੇ ਦੀ ਮਾਂ ਬਨਣ ਵਾਲੀ ਹੈ, ਦਾਊਦ ਜਾਣ ਗਿਆ ਕੀ ਉਸਦਾ ਪਾਪ ਜਿਆਦਾ ਮੁਸ਼ਕਲਾਂ ਕਰ ਰਿਹਾ ਸੀ।
16


ਪਰਮੇਸ਼ਵਰ ਦੇ ਅੱਗੇ ਮਾਫ਼ੀ ਮੰਗਣ ਦੀ ਜੁਗਾ ਦਾਊਦ ਨੇ ਆਪਣੇ ਪਾਪ ਨੂੰ ਢਕਣ ਦੀ ਕੋਸ਼ੀਸ਼ ਕੀਤੀ।ਉਹ ਦਾ ਤਰੀਕਾ ਕੰਮ ਨਾਂ ਆਇਆ! ਉਸ ਨੇ ਲੜਾਈ ਦੇ ਮੈਦਾਨ ਵਿੱਚੋਂ ਉਰੀਯਾਹ ਨੂੰ ਇਸ ਆਸ਼ਾ ਨਾਲ ਘਰ ਬੁਲਾਇਆ, ਕੀ ਉਰੀਯਾਹ ਸੋਚੇਗਾ ਕੇ ਆਉਣ ਵਾਲਾ ਬੱਚਾ ਉਸਦਾ ਹੈ। ਪਰ ਉਰੀਯਾਹ ਘਰ ਵਿੱਚ ਨਾ ਰਿਹਾ ਜਦਕਿ ਉਸਦੇ ਸਾਥੀ ਸਿਪਾਹੀ ਲੜਾਈ ਵਿੱਚ ਸਨ। ਉਰੀਯਾਹ ਬਾਦਸ਼ਾਹ ਦੇ ਘਰ ਦੇ ਦਰਵਾਜੇ ਤੇ ਸੌਂ ਗਿਆ।
17


ਤਾਂ ਦਾਊਦ ਨੇ ਹੋਰ ਵੀ ਦੁਸ਼ਟਤਾ ਪੂਰਨ ਕੰਮ ਕੀਤਾ। ਉਸ ਨੇ ਉਰੀਯਾਹ ਨੂੰ ਲੜਾਈ ਦੇ ਮੈਦਾਨ ਵਿੱਚ ਇੱਕ ਚਿੱਠੀ ਦੇ ਨਾਲ ਘੱਲਿਆ। ਚਿੱਠੀ ਵਿੱਚ ਜ਼ਰਨਲ ਨੂੰ ਕਿਹਾ ਕੀ ਉਰੀਯਾਹ ਲ਼ੜਾਂਈ ਵਿੱਚ ਜਰੂਰ ਮਾਰਿਆ ਜਾਵੇ।
18


ਪਰਮੇਸ਼ਵਰ ਨੇ ਆਪਣੇ ਦਾਸ ਨਾਥਾਨ ਨੂੰ ਦਾਊਦ ਦਾ ਆਪਣਾ ਪਾਪ ਵਖਾਉਣ ਲਈ ਭੇਜਿਆ। ਨਾਥਾਨ ਨੇ ਦਾਊਦ ਨੂੰ ਅਮੀਰ ਆਦਮੀ ਅਤੇ ਇੱਕ ਗਰੀਬ ਆਦਮੀ ਦੀ ਕਹਾਣੀ ਦੇ ਬਾਰੇ ਦੱਸਿਆ। ਅਮੀਰ ਆਦਮੀ ਕੋਲ ਬਹੁਤ ਸਾਰੀਆਂ ਭੇਡਾਂ ਸਨ। ਪਰ ਗਰੀਬ ਮਨੁੱਖ ਦੇ ਕੋਲ ਸਿਰਫ਼ ਇੱਕ ਛੋਟਾ ਲੇਲਾ, ਜੋ ਉਸਦੇ ਲਈ ਇੱਕ ਬੇਟੀ ਦੇ ਵਾਗੂੰ ਖ਼ਜਾਨਾ ਸੀ।
19


ਜਦ ਇੱਕ ਮੁਸਾਫ਼ਿਰ ਅਮੀਰ ਆਦਮੀ ਦੇ ਘਰ ਆਇਆ, ਅਮੀਰ ਆਦਮੀ ਨੇ ਉਸਨੂੰ ਖਵਾਉਣ ਲਈ ਆਪਣੀਆਂ ਭੇਡਾਂ ਵਿੱਚੋਂ ਕਿਸੇ ਨੂੰ ਨਾ ਮਾਰਿਆ। ਉਸ ਦੀ ਜੁਗਾ ਉਸ ਨੇ ਗਰੀਬ ਆਦਮੀ ਦਾ ਲੇਲਾ ਲਿਆ ਅਤੇ ਉਸ ਨੂੰ ਮਾਰਿਆ।
20













ਦਾਊਦ ਬਾਦਸ਼ਾਹ (ਹਿੱਸਾ 2)

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

2 ਸੈਮੂਏਲ 1-12

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।